TO ADVERTISE PLEASE CALL 416-899-2548

World's Largest Punjabi Weekly

ਅਜੀਤ

31 July to 6 August 2025 ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

NANAKflights
TICO #50020679
ਸਸਤੀਆਂ ਹਵਾਈ ਟਿਕਟਾਂ
ਫ਼ਰੀ ਬੁਕਿੰਗ ਹੋਲਡ
ਮੁਫ਼ਤ 5-Star Hotel with Shuttle Service and Meal Coupon when flying with a participating airline.
24/7 SERVICE
BOOK FLIGHTS
905-456-9977
7990 Kennedy Rd S. Unit 201, Brampton

MANN Travels & Tours
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲਈ ਮਾਨ ਟਰੈਵਲ ਨੂੰ ਕਾਲ ਕਰੋ
IATA TICO No. 4671541
AMARJEET S. MANN PRESIDENT
Cottrelle : 905-595-1700
Springdale : 905-497-6300
Brampton : 905-595-2000
Hamiton : 905-930-7700
Markham : 416-603-1800
H.O: 499 Raylawson Blvd. # 32, Brampton

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 29 | No. 1659 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

Canada 17 ਹਜ਼ਾਰ Parents ਤੇ Grandparents ਨੂੰ ਦੇਵੇਗਾ PR

ਹਰਮਨਜੋਤ ਸੋਢੀ

ਬਰੈਂਪਟਨ: ਕੈਨੇਡਾ ਆਉਣ ਦੇ ਚਾਹਵਾਨ ਪੰਜਾਬੀਆਂ ਲਈ ਇੱਕ ਵੱਡੀ ਖ਼ੁਸ਼ਖ਼ਬਰੀ ਹੈ। ਕੈਨੇਡੀਅਨ ਸਰਕਾਰ ਨੇ ਮੁਅੱਤਲ ਕੀਤੇ ਗਏ ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ (PGP) ਨੂੰ ਮੁੜ ਸ਼ੁਰੂ ਕਰ ਦਿੱਤਾ ਹੈ, ਅਤੇ ਇਸ ਵਾਰ 17,860 ਅਰਜ਼ੀਆਂ ਲਈਆਂ ਜਾ ਰਹੀਆਂ ਹਨ। ਕੈਨੇਡੀਅਨ ਸਰਕਾਰ ਨੇ 28 ਜੁਲਾਈ 2025 ਤੋਂ ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਤਹਿਤ ਸਪੌਂਸਰਾਂ ਨੂੰ ਸੱਦਾ ਜਾਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਪੇਰੈਂਟਸ ਅਤੇ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪੌਂਸਰ ਕਰਨ ਦੀ ਆਗਿਆ ਦਿੰਦਾ ਹੈ।

ਪਰਿਵਾਰਕ ਪੁਨਰ-ਏਕੀਕਰਨ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਦਾ ਇੱਕ ਮਹੱਤਵਪੂਰਣ ਹਿੱਸਾ ਹੈ ਜੋ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਆਪਣੇ ਅਜ਼ੀਜ਼ਾਂ ਨੂੰ ਕੈਨੇਡਾ 'ਚ ਰਹਿਣ, ਅਤੇ ਉਨ੍ਹਾਂ ਨਾਲ ਕੰਮ ਕਰਨ ਲਈ ਸਪੌਂਸਰ ਕਰਨ 'ਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਓਦੋਂ ਬੰਦ ਕਰ ਦਿੱਤਾ ਗਿਆ ਸੀ ਜਦੋਂ ਕੈਨੇਡਾ ਅਤੇ ਭਾਰਤ ਵਿਚਕਾਰ ਸਬੰਧ ਤਣਾਅਪੂਰਨ ਹੋ ਗਏ ਸਨ। ਇਮੀਗ੍ਰੇਸ਼ਨ, ਸ਼ਰਣਾਰਥੀ ਅਤੇ ਨਾਗਰਿਕਤਾ ਕੈਨੇਡਾ ਦੋ ਹਫ਼ਤਿਆਂ (ਬਾਕੀ ਸਫ਼ਾ 10 'ਤੇ)

Trump ਦੇ 25% Tariff Bomb ਨਾਲ ਭਾਰਤ ਦਾ ਹਿੱਲਿਆ Export

ਨਵੀਂ ਦਿੱਲੀ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ 1 ਅਗਸਤ ਤੋਂ ਭਾਰਤ ਤੋਂ ਆਉਣ ਵਾਲੇ ਕਈ ਉਤਪਾਦਾਂ 'ਤੇ 25% ਆਯਾਤ ਟੈਰਿਫ਼ਸ ਲਗਾਉਣ ਦਾ ਐਲਾਨ ਕੀਤਾ ਹੈ। ਇਸ ਫ਼ੈਸਲੇ ਨੂੰ ਭਾਰਤ ਲਈ ਇੱਕ ਵੱਡਾ ਆਰਥਿਕ ਝਟਕਾ ਮੰਨਿਆ ਜਾ ਰਿਹਾ ਹੈ। ਇਸ ਨਾਲ ਭਾਰਤ ਦੇ ਨਿਰਯਾਤ 'ਤੇ ਅਸਰ ਪਵੇਗਾ ਅਤੇ ਅਮਰੀਕਾ 'ਚ ਵੀ ਕਈ ਚੀਜ਼ਾਂ ਮਹਿੰਗੀਆਂ ਹੋ ਜਾਣਗੀਆਂ।

ਭਾਰਤ-ਅਮਰੀਕਾ ਵਪਾਰ 'ਤੇ ਅਸਰ: ਹਰ ਸਾਲ ਭਾਰਤ ਅਤੇ ਅਮਰੀਕਾ ਵਿਚਕਾਰ ਲਗਭਗ 130 ਬਿਲੀਅਨ ਡਾਲਰਾਂ ਦਾ ਵਪਾਰ ਹੁੰਦਾ ਹੈ। ਇਸ 'ਚ ਭਾਰਤ ਨੂੰ ਲਗਭਗ 40 ਬਿਲੀਅਨ ਡਾਲਰਜ਼ ਦਾ ਮੁਨਾਫ਼ਾ (ਵਪਾਰ ਸਰਪਲੱਸ) ਮਿਲਦਾ ਹੈ। ਪਰ ਹੁਣ ਟਰੰਪ ਦੇ ਹਾਲੀਆ ਟੈਰਿਫ਼ ਫ਼ੈਸਲੇ ਨਾਲ ਇਹ ਸਮੀਕਰਣ ਖ਼ਰਾਬ ਹੋਣ ਦੇ ਆਸਾਰ ਹਨ। Tariffs ਦਾ ਅਸਰ ਦੋਹਾਂ ਦੇਸ਼ਾਂ 'ਤੇ ਪਵੇਗਾ। ਭਾਰਤ ਨੂੰ ਨੁਕਸਾਨ ਹੋਵੇਗਾ ਕਿਉਂਕਿ ਉਸ ਦਾ ਨਿਰਯਾਤ ਮਹਿੰਗਾ ਹੋ ਜਾਵੇਗਾ। US ਦੇ ਉਪਭੋਗਤਾਵਾਂ ਲਈ ਵੀ ਹਾਲਾਤ ਔਖੇ ਹੋਣ ਵਾਲੇ ਹਨ ਕਿਉਂਕਿ ਅਮਰੀਕੀ ਗਾਹਕਾਂ ਨੂੰ ਭਾਰਤੀ ਉਤਪਾਦਾਂ ਲਈ ਵਧੇਰੇ ਭੁਗਤਾਨ ਕਰਨਾ ਪਵੇਗਾ।

ਅਮਰੀਕਾ ਵਿੱਚ ਕੀ ਕੁਝ ਹੋਊ ਮਹਿੰਗਾ

ਗਹਿਣੇ ਅਤੇ ਰਤਨ: ਅਮਰੀਕਾ ਇਸ ਖੇਤਰ 'ਚ ਭਾਰਤ ਦਾ ਸਭ ਤੋਂ ਵੱਡਾ ਗਾਹਕ ਹੈ। ਹੀਰੇ, ਸੋਨੇ ਦੇ ਗਹਿਣੇ, ਰਤਨ ਹੁਣ 25% ਮਹਿੰਗੇ ਹੋ ਸਕਦੇ ਹਨ। ਇਹ ਉਦਯੋਗ 8.5 ਬਿਲੀਅਨ ਡਾਲਰਜ਼ ਦਾ ਹੈ।

ਕੱਪੜੇ ਅਤੇ ਤਿਆਰ ਕੱਪੜੇ: ਹਰ ਸਾਲ ਭਾਰਤ ਤੋਂ ਅਮਰੀਕਾ ਨੂੰ ਲਗਭਗ 2.5 ਬਿਲੀਅਨ ਡਾਲਰਾਂ ਦੇ ਕੱਪੜੇ ਨਿਰਯਾਤ ਕੀਤੇ ਜਾਂਦੇ ਹਨ। ਹੁਣ ਉਨ੍ਹਾਂ ਦੀਆਂ ਕੀਮਤਾਂ 15-17% ਤਕ ਵੱਧ ਸਕਦੀਆਂ ਹਨ।

ਆਟੋ ਪਾਰਟਸ: ਭਾਰਤ ਤੋਂ ਅਮਰੀਕਾ ਭੇਜੇ ਜਾਣ ਵਾਲੇ ਬ੍ਰੇਕ, ਇੰਜਣ, ਵਾਇਰਿੰਗ ਵਰਗੇ ਆਟੋ ਪਾਰਟਸ ਹੁਣ ਮਹਿੰਗੇ ਹੋ ਜਾਣਗੇ। ਇਸ ਨਾਲ ਅਮਰੀਕਾ 'ਚ ਟਰੱਕਾਂ, ਕਾਰਾਂ, ਆਦਿ ਦੀ ਮੁਰੰਮਤ ਅਤੇ ਨਿਰਮਾਣ ਵੀ ਪ੍ਰਭਾਵਿਤ ਹੋਵੇਗਾ।

iPhones ਅਤੇ ਇਲੈਕਟ੍ਰੌਨਿਕਸ: ਅਪ੍ਰੈਲ-ਜੂਨ 2025 'ਚ ਭਾਰਤ ਤੋਂ ਅਮਰੀਕਾ ਨੂੰ ਪੰਜ ਬਿਲੀਅਨ ਡਾਲਰ ਦੇ iPhones ਭੇਜੇ ਗਏ ਸਨ। (ਬਾਕੀ ਸਫ਼ਾ 10 'ਤੇ)

US-Pak ਸਹੇਲਪੁਣਾ India ਨੂੰ ਰਿਹੈ ਭੁਲਾ

ਨਵੀਂ ਦਿੱਲੀ: 2019 'ਚ ਹਿਊਸਟਨ ਦੇ ਹਾਊਡੀ ਮੋਦੀ ਸਮਾਗਮ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀ ਸਾਂਝ ਨੇ ਭਾਰਤ-ਅਮਰੀਕਾ ਰਿਸ਼ਤਿਆਂ 'ਚ ਨਵਾਂ ਜੋਸ਼ ਭਰਿਆ ਸੀ। ਲੱਖਾਂ ਭਾਰਤੀ-ਅਮਰੀਕੀਆਂ ਦੀ ਹਾਜ਼ਰੀ ਅਤੇ ਉਤਸ਼ਾਹ ਨੇ ਦੱਸਿਆ ਸੀ ਕਿ ਨਵਾਂ ਦੌਰ ਸ਼ੁਰੂ ਹੋ ਰਿਹਾ ਹੈ, ਪਰ ਹੁਣ ਦੋਹਾਂ ਦੇਸ਼ਾਂ ਦੀ ਦੋਸਤੀ 'ਚ ਖਟਾਸ ਆਉਂਦੀ ਦਿਖਾਈ ਦੇ ਰਹੀ ਹੈ।

ਜੁਲਾਈ 25 ਨੂੰ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬੀਓ ਦੀ ਪਾਕਿਸਤਾਨ ਦੇ ਉਪ-ਪ੍ਰਧਾਨ ਮੰਤਰੀ ਇਸ਼ਾਕ ਡਾਰ ਨਾਲ ਮੁਲਾਕਾਤ ਨੇ ਭਾਰਤ 'ਚ ਨਿਰਾਸ਼ਾ ਪੈਦਾ ਕਰ ਦਿੱਤੀ ਸੀ। ਭਾਰਤ 'ਚ

ਸਵਾਲ ਉੱਠੇ ਸਨ ਕਿ ਪਾਕਿਸਤਾਨ, ਜੋ ਕਿ ਲੰਬੇ ਸਮੇਂ ਤੋਂ ਭਾਰਤ ਲਈ ਸਰਹੱਦੀ ਅਤਿਵਾਦ ਦਾ ਸਰਪ੍ਰਸਤ ਰਿਹਾ ਹੈ, ਨਾਲ US ਅਜਿਹਾ ਭਾਈਚਾਰਕ ਵਿਹਾਰ ਕਿਉਂ ਕਰ ਰਿਹਾ ਹੈ? ਇਹ ਓਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਨੇ ਕਈ ਦਹਾਕਿਆਂ ਦੀ ਮਿਹਨਤ ਨਾਲ US ਨਾਲ ਨਜ਼ਦੀਕੀ ਬਣਾਈ ਸੀ।

Trump ਵਲੋਂ ਕਸ਼ਮੀਰ ਮਾਮਲੇ 'ਚ ਵਿਚੋਲਗੀ ਦੀ ਗੱਲ ਦੁਬਾਰਾ ਉਠਾਉਣਾ ਭਾਰਤ ਲਈ ਮੂਲ ਰੂਪ 'ਚ (ਬਾਕੀ ਸਫ਼ਾ 10 'ਤੇ)

14 ਸਤੰਬਰ ਨੂੰ ਭਿੜਨਗੇ ਭਾਰਤ-ਪਾਕ

ਦੁਬਈ: ਏਸ਼ੀਅਨ ਕ੍ਰਿਕਟ ਕੌਂਸਲ (ACC) ਨੇ ਐਤਵਾਰ ਨੂੰ ਐਲਾਨ ਕੀਤਾ ਕਿ ਪੁਰਸ਼ਾਂ ਦਾ ਕ੍ਰਿਕਟ ਏਸ਼ੀਆ ਕੱਪ 9 ਤੋਂ 28 ਸਤੰਬਰ ਤਕ ਸੰਯੁਕਤ ਅਰਬ ਅਮੀਰਾਤ (UAE) 'ਚ ਹੋਵੇਗਾ। ਇਸ ਕੱਪ 'ਚ ਭਾਰਤ ਅਤੇ ਪਾਕਿਸਤਾਨ ਦੇ ਮੁਕਾਬਲੇ ਦੀ ਤਾਰੀਖ਼ ਵੀ ਤੈਅ ਹੋ ਚੁੱਕੀ ਹੈ। ਇਸ ਐਲਾਨ ਤੋਂ ਬਾਅਦ ਭਾਰਤ 'ਚ ਇੱਕ ਤਰ੍ਹਾਂ ਦਾ ਸਿਆਸੀ ਵਿਵਾਦ ਛਿੜ ਗਿਆ ਹੈ ਕਿਉਂਕਿ ਪਹਿਲਗਾਮ ਹਮਲੇ ਤੋਂ ਬਾਅਦ ਸ਼ੁਰੂ ਹੋਏ ਸਰਹੱਦੀ ਤਨਾਅ ਮਗਰੋਂ ਭਾਰਤ ਪਾਕਿਸਤਾਨ ਦਰਮਿਆਨ ਇਹ ਪਹਿਲਾ ਕ੍ਰਿਕਟ ਮੁਕਾਬਲਾ ਹੋਵੇਗਾ।

ਜ਼ਿਕਰਯੋਗ ਹੈ ਕਿ ACC ਦੇ ਪ੍ਰਧਾਨ ਮੋਹਸਿਨ ਨਕਵੀ ਨੇ X 'ਤੇ ਪੋਸਟ ਸਾਂਝੀ ਕਰ ਕੇ ਦੱਸਿਆ ਹੈ

ਕਿ ਇਹ T-20 ਟੂਰਨਾਮੈਂਟ ਹੋਵੇਗਾ ਅਤੇ ਭਾਰਤ-ਪਾਕਿਸਤਾਨ ਵਿਚਾਲੇ ਗਰੁੱਪ ਗੇੜ ਦਾ ਮੈਚ 14 ਸਤੰਬਰ ਨੂੰ ਦੁਬਈ ਇੰਟਰਨੈਸ਼ਨਲ ਸਟੇਡੀਅਮ 'ਚ ਖੇਡਿਆ ਜਾਵੇਗਾ। 22 ਅਪ੍ਰੈਲ ਨੂੰ ਪਹਿਲਗਾਮ ਦੀ ਬੈਸਰਨ ਘਾਟੀ 'ਚ ਹੋਏ ਅਤਿਵਾਦੀ ਹਮਲੇ 'ਚ 26 ਲੋਕ ਮਾਰੇ ਗਏ ਸਨ ਜਿਸ ਤੋਂ ਬਾਅਦ ਭਾਰਤ ਪਾਕਿਸਾਤਾਨ ਦਰਮਿਆਨ ਤਨਾਅ ਵੱਧ ਗਿਆ ਸੀ ਜਿਸ ਦੇ ਚਲਦਿਆਂ ਦੋਵਾਂ ਦੇਸ਼ਾਂ ਨੇ ਇੱਕ-ਦੂਜੇ 'ਤੇ ਕੁਝ ਪਾਬੰਦੀਆਂ ਵੀ ਲਗਾਈਆਂ ਸਨ।

ACC ਦੇ ਇਸ ਟੂਰਨਾਮੈਂਟ 'ਚ ਭਾਰਤ ਅਤੇ ਪਾਕਿਸਤਾਨ ਇੱਕੋ ਗਰੁੱਪ 'ਚ ਹਨ, ਅਤੇ ਇਹੀ ਦੋਵੇਂ ਟੀਮਾਂ Super 4 ਦੇ ਮੈਚ 'ਚ ਵੀ ਇੱਕ-ਦੂਜੇ ਦੇ ਸਾਹਮਣੇ ਹੋ ਸਕਦੀਆਂ ਹਨ। ਇੱਥੇ ਜ਼ਿਕਰਯੋਗ ਹੈ ਕਿ ਪਹਿਲਗਾਮ ਹਮਲੇ ਤੋਂ ਪਹਿਲਾਂ ਵੀ ਦੋਵੇਂ ਦੇਸ਼ ਕ੍ਰਿਕਟ 'ਚ ਸਿਰਫ਼ ICC ਟੂਰਨਾਮੈਂਟਾਂ 'ਚ ਹੀ ਖੇਡਦੇ ਸਨ। ਦੋਹਾਂ ਦੇਸ਼ਾਂ ਵਿਚਾਲੇ ਲੰਬੇ ਸਮੇਂ ਤੋਂ ਕੋਈ ਵੀ ਦੁਵੱਲੀ ਸੀਰੀਜ਼ ਨਹੀਂ ਖੇਡੀ ਗਈ। ਭਾਰਤ ਆਪਣੀ ਸ਼ੁਰੂਆਤ 10 ਸਤੰਬਰ ਨੂੰ UAE ਖ਼ਿਲਾਫ਼ ਕਰੇਗਾ, ਅਤੇ ਉਸ ਦੇ ਸਾਰੇ ਮੈਚ ਦੁਬਈ 'ਚ ਹੀ ਹੋਣ ਦੀ ਸੰਭਾਵਨਾ ਹੈ। ਭਾਰਤ, ਪਾਕਿਸਤਾਨ, UAE ਅਤੇ ਓਮਾਨ ਨੂੰ ਗਰੁੱਪ A 'ਚ ਰੱਖਿਆ ਗਿਆ ਹੈ ਜਦ ਕਿ ਸ਼੍ਰੀ ਲੰਕਾ, ਬੰਗਲਾਦੇਸ਼, ਅਫ਼ਗਾਨਿਸਤਾਨ ਅਤੇ ਹੌਂਗ ਕੌਂਗ ਗਰੁੱਪ B 'ਚ ਹਨ। ਭਾਰਤ ਏਸ਼ੀਆ ਕੱਪ ਦਾ ਅਧਿਕਾਰਤ ਮੇਜ਼ਬਾਨ ਹੈ, ਪਰ ਇਹ ਆਗਾਮੀ T-20 ਈਵੈਂਟ UAE 'ਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਆਪਣੇ ਸਾਰੇ ਬਹੁਪੱਖੀ ਮੈਚ ਨਿਰਪੱਖ ਥਾਵਾਂ 'ਤੇ ਖੇਡਣ ਦੇ ਸਮਝੌਤੇ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਜਾਵੇਗਾ।

Indian ਸੰਸਦ 'ਚ ਗੁੰਜੀਆਂ ਵਿਰੋਧੀ ਆਵਾਜ਼ਾਂ: 19$9$ ਦੇ ਆਗੂ ਅਸਦੁਦੀਨ ਓਵੈਸੀ ਨੇ ਔਪ੍ਰੇਸ਼ਨ ਸਿੰਦੂਰ 'ਤੇ ਇੱਕ ਵਿਸ਼ੇਸ਼ ਚਰਚਾ ਦੌਰਾਨ ਇਹ ਸਵਾਲ ਉਠਾਇਆ ਕਿ ਜਦੋਂ ਕੇਂਦਰ ਸਰਕਾਰ ਨੇ ਪਹਿਲਗਾਮ ਹਮਲੇ ਤੋਂ ਬਾਅਦ ਕਿਹਾ ਸੀ ਪਾਣੀ ਅਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ ਅਤੇ ਪਾਕਿਸਤਾਨ ਵਿਰੁੱਧ ਕਈ ਪਾਬੰਦੀਆਂ (ਬਾਕੀ ਸਫ਼ਾ 10 'ਤੇ)

ਘਰ ਜਾਂ ਆਫ਼ਿਸ ਦੀ ਸਫ਼ਾਈ ਕਰਾਓ
SST CLEANERS
SUPER STAR TOTAL CLEANERS INC
For All Your Cleaning Needs
• Residential Cleaning — ਘਰ ਦੀ ਸਫ਼ਾਈ
• Commercial Cleaning — ਕਮਰਸ਼ੀਅਲ ਸਫ਼ਾਈ
• Deep Cleaning — ਡੀਪ ਕਲੀਨਿੰਗ
• Window Cleaning — ਖਿੜਕੀਆਂ ਦੀ ਸਫ਼ਾਈ
• Restaurants & Party Halls — ਰੈਸਟੋਰੈਂਟਾਂ/ਪਾਰਟੀ ਹਾਲਾਂ ਦੀ ਸਫ਼ਾਈ
• Outdoor Cleaning — ਘਰ ਦੇ ਬਾਹਰ ਦੀ ਸਫ਼ਾਈ
647-854-9038

APRA MONEY EXCHANGE INVESTMENT LENDING INC.
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
1st or 2nd Mortgages
Jagtar Dhah 416-731-7710
Gurjit Dhah 647-267-3424 Lic # 15000974
6 Rae Avenue, Brampton Bus: 905-794-3233

INSURANCE 16+ Yrs of experience
• HOME • CAR • BUSINESS
• COMMERCIAL • TRUCK
• LIFE • SUPER VISA • CI
For all Your Insurance Needs
Compare & Save $$$
ਅਸੀਂ 30 ਤੋਂ ਵੱਧ ਕੰਪਨੀਆਂ ਨਾਲ ਕੰਮ ਕਰਦੇ ਹਾਂ
JATINDER (JAY) BRAR
RIBO, CIP, CAIB
Licensed Broker & LLQP Licensed
647-400-5100
Email: jay.brar@fsbgroup.ca

LAW OFFICE OF AMAN SHARMA
LAW OFFICE AMAN SHARMA
REAL ESTATE
(Residential/Commercial)
✷ BUSINESS PURCHASE AND SALE
✷ COMMERCIAL LEASE
✷ 2ND MORTGAGE, RE FINANCE
✷ FRANCHISE BUSINESS PURCHASE & SALE.
✷ IMMIGRATION SERVICES
✷ NOTARIZATION, AFFIDAVITS, WILLS & POWER OF ATTORNEY
AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6, Brampton, Ontario, L6P 3W4

BANI CREATIONS
Latest Design Boutique
Style Hand Work
Sharara & Salwar Suit Available
ਸਾਡੇ ਕੋਲ ਲੇਡੀ ਟੇਲਰ ਵੀ ਹੈ
By Appointment only
RAJBEER 647-829-2454
7015 Tranmere Dr. Unit 1, Missisauga

PROTECT YOUR HOME FROM PESTS
Residential/Commercial/Industrial
Low Cost Pest Control Service
100% Success rate for Bed Bug Treatment
BED BUG MATTRESS COVER ALSO AVAILABLE
FREE HOME INSPECTION CALL TODAY
(RELY ON US, WE RELY ON EXPERIENCE)
Ranjit Sidhu Certified Exterminator
Ministry of the Environment (Ontario)
A TO Z PEST CONTROL INC.
www.atozpestcontroltoronto.com atozpestcontrol.rs@gmail.com
Cell: 647-668-3944 off: 905-455-0648

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
7015-Tranmere Dr. Unit20, Mississauga, ON. L5S 1T7 Canada